ਸ੍ਰੀ ਹੇਮਕੁੰਟ ਸਾਹਿਬ

# ਤਹ ਹਮ ਅਧਿਕ ਤਪੱਸਿਆ ਸਾਧੀ


(ਗੁਰੂ ਗੋਬਿੰਦ ਸਿੰਘ ਜੀ)



ਜਾਤਰਾ ਗਾਈਡ

ਭੇਟਾ ਰਹਿਤ

www.hemkunt.in
www.idea-ads.com





ਗੁਰਦੁਆਰਾ ਹੇਮਕੁੰਟ ਸਾਹਿਬ........................................4
ਕੁਝ ਮਹੱਤਵਪੂਰਨ ਜਾਣਕਾਰੀਆਂ ........................................5
ਨਾਲ ਲਿਜਾਣ ਲਈ ਜ਼ਰੂਰੀ ਸਾਮਾਨ ........................................5
ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਂਦਿਆਂ
ਹਰਿਦੁਆਰ ਵਿਖੇ ਗੁਰਦੁਆਰਾ ਸਾਹਿਬਾਨ........................................8
ਗੁਰਦੁਆਰਾ ਪਾਉਂਟਾ/ਪਾਂਵਟਾ ਸਾਹਿਬ........................................12
ਦੇਹਰਾਦੂਨ........................................12
ਰਿਸ਼ੀਕੇਸ਼ ਤੋਂ ਗੋਬਿੰਦ ਘਾਟ........................................13
ਗੋਬਿੰਦ ਘਾਟ ਤੋਂ ਗੋਬਿੰਦ ਧਾਮ ........................................15
ਚੜ੍ਹਾਈ ਚੜ੍ਹਦੇ ਸਮੇਂ ਸਿਹਤ ਸਬੰਧੀ ਸੁਝਾਅ ........................................16
ਕੁਝ ਜ਼ਰੂਰੀ ਦਵਾਈਆਂ ........................................16
ਚੜ੍ਹਾਈ ਚੜ੍ਹਦੇ ਸਮੇਂ ਧਿਆਨ ਰੱਖਣਯੋਗ ਗੱਲਾਂ ........................................16
ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ
ਤੋਂ ਗੋਬਿੰਦ ਧਾਮ........................................17
ਗੁਰਦੁਆਰਾ ਮਿੱਠੇ ਰੀਠੇ ਸਾਹਿਬ ........................................22
ਗੁਰਦੁਆਰਾ ਨਾਨਕ ਮਤਾ ਸਾਹਿਬ........................................22





Mobile : +91 - 98157 62315
Phone : +91-183-5099606

ideaads
www.idea-ads.com

Website Designing
Web Hosting
Search Engine Optimization
Catalogue/Brochure Printing



# ਗੁਰਦੁਆਰਾ ਹੇਮਕੁੰਟ ਸਾਹਿਬ

ਗੁਰਬਾਣੀ ਦੇ ਮਹਾਂਵਾਕ "ਖੋਜੀ ਉਪਜੈ ਬਾਦੀ ਬਿਨਸੈ..." ਅਨੁਸਾਰ ਗੁਰਸਿੱਖ, ਗੁਰੂ ਸਾਹਿਬਾਨ ਦੇ ਜੀਵਨ ਫਲਸਫੇ ਅਤੇ ਉਪਦੇਸ਼ਾਂ ਤੋਂ ਸੇਧ ਲੈ ਕੇ ਨਿਰੰਤਰ ਖੋਜ ਕਰਦੇ ਰਹਿੰਦੇ ਹਨ। ਦਸਮ ਪਾਤਸ਼ਾਹ ਦੀ ਅਲੌਕਿਕ ਰਚਨਾ "ਬਚਿੱਤਰ ਨਾਟਕ" ਵਿਚ ਦਰਜ

ਅਬ ਮੈ ਅਪਨੀ ਕਥਾ ਬਖਾਨੋ।
(ਹੁਣ ਮੈਂ ਆਪਣੀ ਕਥਾ ਬਖਿਆਨ ਕਰਦਾ ਹਾਂ)

ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥
(ਹਿਮਾਲਿਆ ਪਰਬਤਾਂ ਦੀ ਲੜੀ ਵਿੱਚ "ਸਪਤ ਸ੍ਰਿੰਗ" ਪਰਬਤਾਂ ਵਿੱਚ ਹੇਮਕੁੰਟ ਪਰਬਤ ਸੁਭਾਇਮਾਨ ਹੈ)

ਤਹ ਹਮ ਅਧਿਕ ਤਪੱਸਿਆ ਸਾਧੀ।
(ਉਸ ਅਸਥਾਨ 'ਤੇ ਅਸੀਂ ਪੂਰਬਲੇ ਜਨਮ ਵਿੱਚ ਅਕਾਲ ਪੁਰਖ ਦੀ ਭਾਰੀ ਤਪੱਸਿਆ ਕੀਤੀ)

ਨੂੰ ਵਿਚਾਰਦਿਆਂ ਕੁਝ ਗੁਰਸਿੱਖ (ਸੰਤ ਸੋਹਣ ਸਿੰਘ ਜੀ ਟੀਹਰੀ ਵਾਲੇ, ਹਵਾਲਦਾਰ ਮੋਦਨ ਸਿੰਘ ਜੀ, ਭਾਈ ਵੀਰ ਸਿੰਘ ਜੀ ਆਦਿ) ਸਿੱਖ-ਸੰਗਤਾਂ ਦੀ ਮਦਦ ਨਾਲ ਇਸ ਪਵਿੱਤਰ ਅਸਥਾਨ ਨੂੰ ਖੋਜਣ ਵਿੱਚ ਸਫਲ ਹੋਏ। ਸੰਮਤ ਨਾਨਕਸ਼ਾਹੀ 468 (ਸੰਨ 1936 ਈ:) ਦੇ ਆਸ-ਪਾਸ ਸਿੱਖ ਸੰਗਤਾਂ ਨੇ ਇਸ ਅਸਥਾਨ 'ਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦੋਂ, ਸੰਮਤ ਨਾਨਕਸ਼ਾਹੀ 469 (ਅਗਸਤ-ਸਤੰਬਰ, ਸੰਨ 1937 ਈ:) ਵਿੱਚ ਕੀਤਾ ਗਿਆ।

ਸਾਲ ਵਿੱਚੋਂ 4-5 ਮਹੀਨੇ ਬਰਫ ਨਾਲ ਲੱਦੀਆਂ ਅਤੇ ਅਸਮਾਨ ਛੂੰਹਦੀਆਂ ਪਹਾੜੀ



ਚੋਟੀਆਂ ਵਿੱਚ ਘਿਰਿਆ ਇਹ ਪਵਿੱਤਰ ਅਸਥਾਨ ਸਮੁੰਦਰ ਤਲ ਤੋਂ ਅੰਦਾਜ਼ਨ 15,000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਭਰ ਸਰਦੀਆਂ ਵਿੱਚ ਕਈ ਵਾਰ 30-35 ਫੁੱਟ ਤਕ ਬਰਫ ਪੈ ਜਾਂਦੀ ਹੈ। ਇਹ ਅਸਥਾਨ ਚੀਨ ਦੇ ਬਾਰਡਰ ਤੋਂ ਅੰਦਾਜ਼ਨ 35-40 ਕਿ:ਮੀ: ਹੈ। ਤਿੰਨ ਪਾਸੇ ਹੇਮਕੁੰਟ ਪਰਬਤਮਾਲਾ ਦੇ ਸਪਤਸ੍ਰਿੰਗ ਪਰਬਤ ਦੀਆਂ ਸੱਤ ਚੋਟੀਆਂ (ਰੁਦਰ ਹਿਮਾਲਿਆ, ਬਿਸ਼ਨਪੁਰੀ, ਉਦਗਾਰੀ ਕੰਠ, ਸਰਗਾ ਰੋਹਣ, ਬ੍ਰਹਮਪੁਰੀ, ਮੇਰ, ਸੁਮੇਰ) ਹਨ ਅਤੇ ਚੌਥੇ ਪਾਸੇ ਨੀਲਕੰਠ ਪਰਬਤ ਸਥਿਤ ਹੈ। ਪਵਿੱਤਰ ਸਰੋਵਰ ਦੀ ਪਰਕਰਮਾ ਲੱਗਭਗ ਸਵਾ ਤੋਂ ਡੇਢ ਕਿ.ਮੀ. ਹੈ। ਸਰੋਵਰ ਦਾ ਜਲ ਸ਼ੀਸ਼ੇ ਦੀ ਤਰ੍ਹਾਂ ਸਾਫ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | |
|---|---|---|---|
| ਜ਼ਿਲ੍ਹਾ | : ਚਮੋਲੀ | ਪਿੰਨ ਕੋਡ | : 249401 |
| ਪ੍ਰਾਂਤ | : ਉਤ੍ਰਾਖੰਡ | ਐੱਸ.ਟੀ.ਡੀ. | : 01372 |

| | | |
|---|---|---|
| ਨਜ਼ਦੀਕੀ ਏਅਰਪੋਰਟ | : ਜੌਲੀਗ੍ਰਾਂਟ (ਦੇਹਰਾਦੂਨ) | 312±5 ਕਿ.ਮੀ. |
| ਨਜ਼ਦੀਕੀ ਰੇਲਵੇ ਸਟੇਸ਼ਨ | : ਰਿਸ਼ੀਕੇਸ਼ | 295 ਕਿ.ਮੀ. |
| ਨਜ਼ਦੀਕੀ ਪੋਸਟ ਆਫਿਸ | : ਗੋਬਿੰਦਘਾਟ | |
| ਸਥਿਤੀ | : 30º41'57.15"N 79º36'55.26"E | |
| ਤਾਪਮਾਨ | : (ਵੱਧ) 7-10º (ਘੱਟ) 1.5-2º ਸੈਲ. | |

## ਹੇਮਕੁੰਟ ਸਾਹਿਬ

| | | | | |
|---|---|---|---|---|
| ਗੋਬਿੰਦ ਧਾਮ ਤੋਂ | : 6 ਕਿ.ਮੀ. (ਪੈਦਲ ਯਾਤਰਾ) | | | |
| ਗੋਬਿੰਦ ਘਾਟ ਤੋਂ | : 19 ਕਿ.ਮੀ. (ਪੈਦਲ ਯਾਤਰਾ) | | | |
| ਰਿਸ਼ੀਕੇਸ਼ ਤੋਂ | : 294 ਕਿ.ਮੀ. | ਹਰਿਦੁਆਰ ਤੋਂ | : | 319 ਕਿ.ਮੀ. |
| ਅੰਮ੍ਰਿਤਸਰ ਤੋਂ | : 730 ਕਿ.ਮੀ. | ਦਿੱਲੀ ਤੋਂ | : | 639 ਕਿ.ਮੀ. |

## ਨਾਲ ਲਿਜਾਣ ਲਈ ਜ਼ਰੂਰੀ ਸਾਮਾਨ

ਰੇਨ ਕੋਟ, ਫਸਟ-ਏਡ ਕਿੱਟ, ਵਿੰਡ ਸ਼ੀਟਰ, ਪਾਣੀ ਦੀ ਬੋਤਲ, ਸਵੈਟਰ, ਟਾਰਚ ਅਤੇ ਸੈੱਲ (ਗੋਬਿੰਦ ਧਾਮ 'ਤੇ ਬਿਜਲੀ ਦਾ ਪ੍ਰਬੰਧ ਰਾਤ 10.00 ਵਜੇ ਤਕ ਹੀ ਹੁੰਦਾ ਹੈ ਸੋ ਟਾਰਚ ਬਹੁਤ ਜ਼ਰੂਰੀ ਹੈ), ਦਸਤਾਨੇ, ਗੁਲੂਬੰਦ, ਕੱਪੜੇ ਦੇ ਬੂਟ, ਕੈਂਚੀ ਚੱਪਲ ਆਦਿ।





## ਨਜ਼ਦੀਕੀ ਹਿੱਲ ਸਟੇਸ਼ਨ

ਨੈਨੀਤਾਲ: ਰਿਸ਼ੀਕੇਸ਼ ਤੋਂ ਹੇਮਕੁੰਟ ਸਾਹਿਬ ਜਾਂਦਿਆਂ ਰਸਤੇ ਵਿਚ ਕਰਨਪ੍ਰਯਾਗ ਤੋਂ ਸੱਜੇ ਹੱਥ ਮੁੜ ਕੇ ਇਹ ਪ੍ਰਸਿੱਧ ਹਿਲ ਸਟੇਸ਼ਨ ਆਉਂਦਾ ਹੈ। ਨੈਨੀਤਾਲ ਤੋਂ 15-20 ਕਿ.ਮੀ. ਅੱਗੇ ਰੇਲਵੇ ਸਟੇਸ਼ਨ ਕਾਠਗੋਦਾਮ ਹੈ ਜਿੱਥੋਂ ਅੱਗੇ ਦਿੱਲੀ ਤਕ ਰੇਲ ਗੱਡੀ ਦੁਆਰਾ ਜਾਇਆ ਜਾ ਸਕਦਾ ਹੈ। ਕਾਠਗੋਦਾਮ ਤੋਂ ਥੋੜ੍ਹੀ ਦੂਰ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁ: ਮਿੱਠੇ ਰੀਠੇ ਸਾਹਿਬ ਅਤੇ ਗੁ: ਨਾਨਕਮਤਾ ਸਾਹਿਬ ਆਉਂਦੇ ਹਨ। ਗੁਰਦੁਆਰਾ ਸਾਹਿਬ ਨਾਲ ਸਬੰਧਤ ਜਾਣਕਾਰੀ ਅਖੀਰਲੇ ਸਫੇ 'ਤੇ ਪੜ੍ਹੀ ਜਾ ਸਕਦੀ ਹੈ।

| Train No | Train Name | Source Sta & Time | | Destination | Runs On |
|---|---|---|---|---|---|
| 4120 | DDN KGM EXPRESS | Dehradun (22.30) | Haridwar (23:55) | Kathgodam (7:15) | All Days |
| 5014 | Ranikhet Express | Kathgodam 20:40 | | Delhi Rohilla 4:30 | All Days |

ਮਸੂਰੀ : ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਰਾਇਵਾਲਾ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ ਨੇਪਾਲੀ ਫਾਰਮ ਚੌਂਕ ਤੋਂ ਖੱਬੇ ਹੱਥ ਮੁੜ ਕੇ ਤਕਰੀਬਨ 65-70 ਕਿ.ਮੀ. ਅੱਗੇ ਹੈ। ਜਾਂ ਚੰਡੀਗੜ੍ਹ-ਪਾਉਂਟਾ ਸਾਹਿਬ-ਦੇਹਰਾਦੂਨ ਤੋਂ ਅੱਗੇ ਖੱਬੇ ਹੱਥ ਅੰਦਾਜ਼ਾ 25-30 ਕਿ.ਮੀ. ਅੱਗੇ ਇਹ ਹਿਲ ਸਟੇਸ਼ਨ ਆਉਂਦਾ ਹੈ।

HARISON Photo Products
www.harisonphoto.com

Hari Singh & Sons
G.T. Road, Near Canal, P.O. Sultanwind, Amritsar (Pb) - 143 021 India
Phone : +91-183-2586114, 2589619 Fax : +91-183-2589619
Email : info@harisonphoto.com

# ਹਰਿਦੁਆਰ

ਜ਼ਿਲ੍ਹਾ : ਹਰਿਦੁਆਰ ਪਿੰਨ ਕੋਡ : 249401
ਪ੍ਰਾਂਤ : ਉਤ੍ਰਾਖੰਡ ਐੱਸ.ਟੀ.ਡੀ. : 01334

## ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਂਦਿਆਂ ਹਰਿਦੁਆਰ ਵਿਖੇ ਗੁਰਦੁਆਰਾ ਸਾਹਿਬਾਨ

1. **ਪਹਿਲਾ ਗੁਰਦੁਆਰਾ** 30-32 ਸਾਲ ਪੁਰਾਣਾ ਇਹ ਗੁਰਦੁਆਰਾ ਰੇਲਵੇ ਸਟੇਸ਼ਨ ਦੀ ਬੈਕ ਸਾਈਡ 'ਤੇ ਹੈ। ਰੇਲ ਗੱਡੀ ਤੋਂ ਉਤਰ ਕੇ ਮੇਨ ਰੋਡ ਵੱਲ ਜਾਣ ਦੀ ਬਜਾਏ ਪਿਛਲੇ ਪਾਸੇ ਆਫੀਸਰਜ਼ ਰੈਸਟ ਹਾਊਸ ਵੱਲੋਂ ਨਿਕਲ ਕੇ ਸੱਜੇ ਹੱਥ ਦੂਸਰੀ ਗਲੀ ਵਿਚ ਸਥਿਤ ਹੈ। ਰੇਲਵੇ ਸਟੇਸ਼ਨ ਜਾਂ ਬੱਸ ਸਟੈਂਡ ਤੋਂ ਪੈਦਲ 5-10 ਮਿੰਟ ਵਿੱਚ ਪਹੁੰਚਿਆ ਜਾ ਸਕਦਾ ਹੈ।
2. **ਦੂਸਰਾ ਗੁਰਦੁਆਰਾ** ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਸਟੇਸ਼ਨ ਤੋਂ ਲਲਤਾਰਾ (ਲਲਤਾਰੋ) ਪੁਲ ਵੱਲ ਜਾਂਦਿਆਂ, ਪੁਲ ਤੋਂ ਖੱਬੇ ਹੱਥ ਮੁੜ ਕੇ, ਅਤੇ ਫਿਰ ਖੱਬੇ ਹੱਥ ਮੁੜ ਕੇ ਹੈ। ਇਹ ਵੀ ਰੇਲਵੇ ਸਟੇਸ਼ਨ ਤੋਂ ਪੈਦਲ 10-15 ਮਿੰਟ ਦੀ ਦੂਰੀ 'ਤੇ ਹੈ।



3. **ਤੀਸਰਾ ਗੁਰਦੁਆਰਾ** (ਸ੍ਰੀ ਨਾਨਕ ਪੁਰਾ ਆਸ਼ਰਮ) ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ ਗੰਗਾ ਘਾਟ ਤੋਂ ਪਾਰ ਸਪਤਰਿਸ਼ੀ ਮਾਰਗ 'ਤੇ ਸਥਿਤ ਹੈ ਅਤੇ ਸਟੇਸ਼ਨ ਤੋਂ ਤਕਰੀਬਨ 5.00 ਕਿ.ਮੀ. ਦੀ ਦੂਰੀ 'ਤੇ ਹੈ। ਇਸ ਦੀ ਸੇਵਾ ਸੰਤ ਬਾਬਾ ਜੈਮਲ ਸਿੰਘ ਜੀ ਦੀ ਗੱਦੀ 'ਤੇ ਸੰਤ ਬਾਬਾ ਬਚਨ ਸਿੰਘ ਜੀ ਭੂਰੀ ਵਾਲੇ ਨਿਭਾ ਰਹੇ ਹਨ। ਇਹ ਗੁਰਦੁਆਰਾ ਤਕਰੀਬਨ 40 ਸਾਲ ਪੁਰਾਣਾ ਹੈ। ਸੰਗਤ ਦੇ ਠਹਿਰਨ ਲਈ 40 ਤੋਂ 50 ਕਮਰੇ ਅਤੇ 5 ਹਾਲ ਹਨ। ਲੰਗਰ ਤਕਰੀਬਨ 24 ਘੰਟੇ ਚਲਦਾ ਹੈ।



4. **ਚੌਥਾ ਗੁਰਦੁਆਰਾ** ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਸਤੀ ਪ੍ਰਥਾ ਦੇ ਅੰਤ ਲਈ ਇਥੇ ਹੀ ਉਪਦੇਸ਼ ਕੀਤਾ। ਇਥੇ ਹੀ ਗੁਰੂ ਸਾਹਿਬ ਨੇ ਫੁਰਮਾਇਆ:
   *ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥ (ਪੰਨਾ 787)*



ਇਹ ਗੁਰਦੁਆਰਾ ਕਨਖਲ (ਹਰਿਦੁਆਰ) ਵਿਖੇ ਸਤੀ ਘਾਟ ਦੇ ਬਿਲਕੁਲ ਨਾਲ ਗੰਗਾ ਦੇ ਕਿਨਾਰੇ ਸਥਿਤ ਹੈ। ਰਾਤ ਠਹਿਰਨ ਅਤੇ ਲੰਗਰ ਦਾ ਇੰਤਜ਼ਾਮ ਨਹੀਂ ਹੈ।

ਹਰਿਦੁਆਰ ਤੋਂ ਰਿਸ਼ੀਕੇਸ਼ ਦੇ ਬੱਸ ਅੱਡੇ ਤਕ ਲੋਕਲ ਬੱਸਾਂ ਜਾਂ ਆਟੋਰਿਕਸ਼ਾ ਰਾਹੀਂ ਅੰਦਾਜ਼ਨ ਅੱਧੇ ਘੰਟੇ ਵਿੱਚ ਜਾਇਆ ਜਾ ਸਕਦਾ ਹੈ (ਪਰ ਅੱਜਕਲ੍ਹ ਟ੍ਰੈਫਿਕ ਦੀ ਸਮੱਸਿਆ ਬਹੁਤ ਵਧ ਗਈ ਹੈ, ਕਈ-ਕਈ ਵਾਰ ਤਾਂ 1.30 ਤੋਂ 2 ਘੰਟੇ ਵੀ ਲੱਗ ਜਾਂਦੇ ਹਨ)। ਹਰਿਦੁਆਰ ਤੋਂ ਰਿਸ਼ੀਕੇਸ਼ ਵੱਲ ਜਾਂਦਿਆਂ (NH 58) ਹਰਿਦੁਆਰ ਤੋਂ 12-13 ਕਿ.ਮੀ. ਦੀ ਦੂਰੀ 'ਤੇ ਰਸਤੇ ਵਿੱਚ ਡੋਈਵਾਲਾ (ਰਾਇਵਾਲਾ ਰੇਲਵੇ ਸਟੇਸ਼ਨ ਤੋਂ ਥੋੜ੍ਹਾ ਅੱਗੇ) ਤੋਂ ਖੱਬੇ ਹੱਥ, ਰਸਤਾ ਦੇਹਰਾਦੂਨ (NH 72), ਮਸੂਰੀ, ਗੁਰਦੁਆਰਾ ਪਾਉਂਟਾ ਸਾਹਿਬ, ਸ਼ਿਮਲੇ ਅਤੇ ਚੰਡੀਗੜ੍ਹ ਵੱਲ ਮਿਲਦਾ ਹੈ। ਡੋਈਵਾਲਾ ਤੋਂ ਦੇਹਰਾਦੂਨ ਅੰਦਾਜ਼ਨ 40 ਕਿ.ਮੀ. ਅਤੇ ਦੇਹਰਾਦੂਨ ਤੋਂ ਪਾਉਂਟਾ ਸਾਹਿਬ ਅੰਦਾਜ਼ਾਨ 50 ਕਿ.ਮੀ. ਹੈ।

## ਜ਼ਰੂਰੀ ਫੋਨ ਨੰਬਰ

| | | |
|---|---|---|
| ਗੁ: ਸਾਹਿਬ ਹੇਮਕੁੰਟ ਟਰੱਸਟ | : | 227749 |
| ਗੁ: ਸਾਹਿਬ ਲਲਤਾਰੋ ਪੁਲ | : | 228760, 09258202602 |
| ਗੁ: ਸਾਹਿਬ ਸਪਤ ਰਿਸ਼ੀ ਮਾਰਗ | : | 98376-51045, 260202 |
| ਗੁ: ਸਾਹਿਬ ਗੁਰੂ ਅਮਰਦਾਸ ਜੀ | : | 98973-49321 |
| DC Haridwar | : | 239440, 239554 |
| Distt. Magistrate | : | 226400, 221663 |
| Ambulance | | |
| City Hospital | : | 220182, 227791 |


friends
www.friendsenggco.com
MFRS. & EXPORTERS OF PAPER PRINTING
PACKAGING & BINDING MACHINERY
An ISO 9001:2008
Certified Company



friends Engineering Company
390-B, FOCAL POINT, AMRITSAR - 143001
Phone : (0183) 2701931, 3297911 Mobile : +91-98155 10005
e-mail: fec@friendsenggco.com



Police

| | |
|---|---|
| SSP Haridwar | : 239777, 239866 |
| SP City Haridwar | : 224922 |
| Police Control Room | : 100, 108, 223980, 225900 |
| Kotwali | : 265874 |
| Railway Enquiry | : 131, 227197 |
| Roadways Enquiry | : 227037 |
| Air Booking | : 228672, 227266 |

Hospitals

| | |
|---|---|
| City Hospital | : 220180-82 |
| Harmilap Rajkiy Govt. Hospital (Near Kotwali) | : 2430402 |

ATM's

State Bank of India

1. Chitra Cinema
2. Shantikunj

Punjab National Bank

1. Railway Station
2. Police Lines, Haridwar

HDFC Bank

1. 313/8, Civil Lines, Haridwar Road, Roorkee
2. Ranipur More, Village Shekhupura, Opposite Liberty Showroom

Bank of Baroda

1. Upper Road
2. Chandra Charya Chowk Ph: 01334-226041

ICICI Bank

7C, Awas Vikas, Ground Flr., Delhi Road

## ਗੱਡੀਆਂ ਅੰਮ੍ਰਿਤਸਰ ਤੋਂ ਹਰਿਦੁਆਰ

ਗੱਡੀ ਨੰਬਰ 2054
ਗੱਡੀ ਦਾ ਨਾਮ ASR HW JNSHTBDI
ਅੰਮ੍ਰਿਤਸਰ ਤੋਂ ਹਰਿਦੁਆਰ

| ਚੱਲਣ ਦੇ ਦਿਨ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ | ਐਤ |
|---|---|---|---|---|---|---|---|
| | ਹਾਂ | ਹਾਂ | ਹਾਂ | ਨਹੀਂ | ਹਾਂ | ਹਾਂ | ਹਾਂ |

| ਸਟੇਸ਼ਨ ਦਾ ਨਾਮ | ਪਹੁੰਚਣ ਦਾ ਸਮਾਂ | ਤੁਰਨ ਦਾ ਸਮਾਂ | ਫਾਸਲਾ |
|---|---|---|---|
| ਅੰਮ੍ਰਿਤਸਰ | | 07:00 | 0 |
| ਬਿਆਸ | 07:28 | 07:30 | 43 |
| ਜਲੰਧਰ | 08:05 | 08:10 | 79 |
| ਲੁਧਿਆਣਾ | 09:05 | 09:10 | 136 |
| ਅੰਬਾਲਾ ਕੈਂਟ | 10:55 | 11:00 | 250 |
| ਰੁੜਕੀ | 12:53 | 12:55 | 366 |
| ਹਰਿਦੁਆਰ | 13:55 | | 411 |

ਗੱਡੀ ਨੰਬਰ 4632
ਗੱਡੀ ਦਾ ਨਾਮ ASR DDN XPRESS
ਅੰਮ੍ਰਿਤਸਰ ਤੋਂ ਦੇਹਰਾਦੂਨ

| ਚੱਲਣ ਦੇ ਦਿਨ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨੀ | ਐਤ |
|---|---|---|---|---|---|---|---|
| | ਹਾਂ | ਹਾਂ | ਹਾਂ | ਹਾਂ | ਹਾਂ | ਹਾਂ | ਹਾਂ |

| ਸਟੇਸ਼ਨ ਦਾ ਨਾਮ | ਪਹੁੰਚਣ ਦਾ ਸਮਾਂ | ਤੁਰਨ ਦਾ ਸਮਾਂ | ਫਾਸਲਾ |
|---|---|---|---|
| ਅੰਮ੍ਰਿਤਸਰ | | 22:15 | 0 |
| ਜਲੰਧਰ ਸ਼ਹਿਰ | 23:37 | 23:45 | 79 |
| ਲੁਧਿਆਣਾ | 01:20 | 01:30 | 136 |
| ਖੰਨਾ | 02:05 | 02:07 | 178 |
| ਸਰਹੰਦ | 02:25 | 02:26 | 196 |
| ਅੰਬਾਲਾ ਕੈਂਟ | 03:15 | 03:25 | 250 |
| ਜਗਾਧਰੀ | 04:08 | 04:10 | 301 |
| ਸਹਾਰਨਪੁਰ | 05:00 | 05:10 | 331 |
| ਰੁੜਕੀ | 05:40 | 05:42 | 366 |
| ਹਰਿਦੁਆਰ | 07:30 | 08:10 | 411 |
| ਰਾਇਵਾਲਾ | 08:38 | 08:40 | 422 |
| ਦੇਹਰਾਦੂਨ | 10:05 | ਪਹੁੰਚ ਸਥਾਨ | 463 |

ਗੱਡੀ ਨੰਬਰ 4632 ਅੰਮ੍ਰਿਤਸਰ ਤੋਂ ਦੇਹਰਾਦੂਨ ਤਕ ਜਾਂਦੀ ਹੈ। ਜਿਹੜੇ ਯਾਤਰੂ ਬਗੈਰ ਹਰਿਦੁਆਰ ਰੁਕਿਆਂ ਸਿੱਧੇ ਰਿਸ਼ੀਕੇਸ਼ ਜਾਣਾ ਚਾਹੁੰਦੇ ਹਨ ਉਹ ਅੰਮ੍ਰਿਤਸਰ ਤੋਂ ਰਾਇਵਾਲਾ (ਰਾਇਵਾਲਾ ਹਰਿਦੁਆਰ-ਰਿਸ਼ੀਕੇਸ਼ ਮਾਰਗ 'ਤੇ ਸਥਿਤ ਹੈ) ਤਕ ਇਸ ਗੱਡੀ 'ਤੇ ਜਾ ਸਕਦੇ ਹਨ। ਰਾਇਵਾਲਾ ਤੋਂ ਰਿਸ਼ੀਕੇਸ਼ ਦਾ ਗੁਰਦੁਆਰਾ ਸਾਹਿਬ ਸਿਰਫ 12-14 ਕਿ.ਮੀ. ਹੈ। ਆਟੋ (ਵਿਕਰਮ) ਇਸੇ ਸੜਕ ਤੋਂ ਆਮ ਮਿਲ ਜਾਂਦੇ ਹਨ।

# ਗੁਰਦੁਆਰਾ ਪਾਉਂਟਾ/ਪਾਂਵਟਾ ਸਾਹਿਬ



ਜ਼ਿਲ੍ਹਾ : ਸਿਰਮੌਰ ਪਿੰਨ ਕੋਡ : 173025
ਪ੍ਰਾਂਤ : ਹਿਮਾਚਲ ਪ੍ਰਦੇਸ਼ ਐੱਸ.ਟੀ.ਡੀ. : 01704

ਸੰਮਤ 1742 ਵਿੱਚ ਦਸਮ ਪਿਤਾ ਨੇ ਨਾਹਨ ਦੇ ਰਾਜੇ ਤੋਂ ਜ਼ਮੀਨ ਖ਼ੀਦ ਕੇ ਜਮਨਾ ਕਿਨਾਰੇ ਇਹ ਨਗਰ ਵਸਾਇਆ, ਜਿਸ ਦਾ ਨਾਮ ਪਾਂਵਟਾ (ਹੁਣ ਪਾਉਂਟਾ ਸਾਹਿਬ) ਰੱਖਿਆ। ਇਸੇ ਅਸਥਾਨ 'ਤੇ ਭੰਗਾਣੀ ਦਾ ਯੁੱਧ ਹੋਇਆ। ਇਥੇ ਹੀ ਆਪ ਨੇ ਜਾਪੁ ਸਾਹਿਬ, ਸਵੱਯੇ, ਚੰਡੀ ਦੀ ਵਾਰ ਅਤੇ ਹੋਰ ਬਾਣੀਆਂ ਉਚਾਰੀਆਂ। ਗੁਰਦੁਆਰਾ ਸਾਹਿਬ ਵਿਖੇ ਗੁਰੂ ਸਾਹਿਬ ਨਾਲ ਸੰਬੰਧਿਤ ਪੁਰਾਤਨ ਸ਼ਸਤਰ ਵੀ ਸ਼ਸ਼ੋਭਿਤ ਹਨ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | |
|---|---|
| ਪਾਉਂਟਾ ਸਾਹਿਬ ਤੋਂ | ਦਿੱਲੀ ਵਾ: ਕਰਨਾਲ.... 250 ਕਿ.ਮੀ. |
| ਰਿਸ਼ੀਕੇਸ਼................ 95±5 ਕਿ.ਮੀ. | ਚੰਡੀਗੜ੍ਹ ................ 125 ਕਿ.ਮੀ. |
| ਦੇਹਰਾਦੂਨ.............. 50±5 ਕਿ.ਮੀ.NH72 | ਨਜ਼ਦੀਕੀ ਰੇਲਵੇ ਸਟੇਸ਼ਨ (ਜਗਾਧਰੀ) 50 ਕਿ.ਮੀ. |

# ਦੇਹਰਾਦੂਨ

ਜ਼ਿਲ੍ਹਾ : ਦੇਹਰਾਦੂਨ ਪਿੰਨ ਕੋਡ : 248001
ਪ੍ਰਾਂਤ : ਉੱਤ੍ਰਾਖੰਡ ਐੱਸ.ਟੀ.ਡੀ. : 0135

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪਾਉਂਟਾ ਸਾਹਿਬ ਦੀ ਫੇਰੀ ਦੌਰਾਨ ਕੁਝ ਸਮਾਂ ਇਥੇ ਵੀ ਬਿਤਾਇਆ। ਇਲਾਕੇ ਦੀ ਸੰਗਤ ਨੇ ਗੁਰੂ ਜੀ ਦੀ ਪਵਿੱਤਰ ਯਾਦ ਵਿਚ ਇਕ ਸੁੰਦਰ ਗੁਰਦੁਆਰਾ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਉਸਾਰਿਆ। ਆੜ੍ਹਤ ਬਜ਼ਾਰ ਵਿਖੇ ਉਸਾਰੇ ਗਏ ਇਸ ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਲੰਗਰ ਦਾ ਪ੍ਰਬੰਧ ਵੀ ਹੈ। ਗੁ: ਸਾਹਿਬ ਦੇ ਫੋਨ ਨੰਬਰ 2624331 ਅਤੇ 3292512 ਹਨ।

ਹੇਮਕੁੰਟ ਸਾਹਿਬ ਲਈ ਦੇਹਰਾਦੂਨ ਤਕ ਹਵਾਈ ਸਫਰ ਵੀ ਕੀਤਾ ਜਾ ਸਕਦਾ ਹੈ। ਏਅਰਪੋਰਟ ਪੰਤ ਨਗਰ, ਨੈਨੀਸੇਨ, ਜੋਲੀਗ੍ਰਾਂਟ, ਦੇਹਰਾਦੂਨ ਵਿਖੇ ਸਥਿਤ ਹੈ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | | |
|---|---|---|---|
| ਦੇਹਰਾਦੂਨ | ਤੋਂ | ਰਿਸ਼ੀਕੇਸ਼ | 50 ਕਿ.ਮੀ.NH 72-58 |
| ਦੇਹਰਾਦੂਨ ਬੱਸ ਸਟੈਂ: | ਤੋਂ | ਦੇਹਰਾਦੂਨ ਏਅਰਪੋ: | 27 ਕਿ.ਮੀ. |



# ਰਿਸ਼ੀਕੇਸ਼ ਤੋਂ ਗੋਬਿੰਦ ਘਾਟ

ਜ਼ਿਲ੍ਹਾ : ਦੇਹਰਾਦੂਨ ਫੋਨ : 2430229 ਪ੍ਰਾਂਤ : ਉੱਤ੍ਰਾਖੰਡ
ਪਿੰਨ ਕੋਡ : 249201 2437813 ਐੱਸ.ਟੀ.ਡੀ. : 0135



ਗੁਰਦੁਆਰਾ ਸਾਹਿਬ ਲਛਮਨ ਝੂਲਾ ਰੋਡ 'ਤੇ ਸਥਿਤ ਹੈ। ਬੱਸ ਅੱਡੇ ਤੋਂ ਗੁ: ਸਾਹਿਬ ਦੋ ਕਿ. ਮੀ. ਤੋਂ ਵੀ ਘੱਟ ਦੂਰੀ 'ਤੇ ਹੈ, ਆਟੋ ਰਿਕਸ਼ਾ ਦੁਆਰਾ 5-7 ਮਿੰਟ ਦੀ ਦੂਰੀ 'ਤੇ ਹੈ। ਆਟੋ ਆਮ ਮਿਲ ਜਾਂਦੇ ਹਨ।

ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਵਿਖੇ ਵਿਸ਼ਰਾਮ ਉਪਰੰਤ ਸਵੇਰੇ 3.30 ਵਜੇ ਤੋਂ ਸੰਗਤਾਂ ਬੱਸਾਂ, ਟੈਕਸੀਆਂ ਜਾਂ ਆਪਣੇ ਨਿੱਜੀ ਵਾਹਨ ਉੱਤੇ ਗੁਰਦੁਆਰਾ ਗੋਬਿੰਦ ਘਾਟ ਵੱਲ ਚਾਲੇ ਪਾ ਦਿੰਦੀਆਂ ਹਨ। ਬੱਸਾਂ ਅਤੇ ਟੈਕਸੀਆਂ ਦੀ ਬੁਕਿੰਗ ਇੱਕ ਦਿਨ ਪਹਿਲਾਂ ਵੀ ਕਰਵਾਈ ਜਾ ਸਕਦੀ ਹੈ। ਟੈਕਸੀਆਂ ਰਾਹੀਂ ਇਹ ਸਫਰ ਤਕਰੀਬਨ 8-9 ਘੰਟੇ ਦਾ ਹੈ। ਬੱਸਾਂ ਟੈਕਸੀਆਂ ਦੇ ਮੁਕਾਬਲੇ ਅੰਦਾਜ਼ਨ 2.00-3.00 ਘੰਟੇ ਵੱਧ ਲੈਂਦੀਆਂ ਹਨ।

ਇਸ ਯਾਤਰਾ ਦੌਰਾਨ ਰਸਤੇ ਵਿੱਚ

- **ਸ੍ਰੀ ਨਗਰ** (ਰਿਸ਼ੀਕੇਸ਼ ਤੋਂ ਅੰਦਾਜ਼ਨ 105 ਕਿ.ਮੀ.) ਫੋਨ : 01346-252203
- **ਨਗਰਾਸੂ** (ਪਿੱਪਲ ਕੋਟੀ, ਸ੍ਰੀ ਨਗਰ ਤੋਂ 45-50 ਕਿ.ਮੀ.)
- **ਜੋਸ਼ੀ ਮੱਠ** (ਨਗਰਾਸੂ ਤੋਂ ਅੰਦਾਜ਼ਨ 95-100 ਕਿ.ਮੀ.) ਫੋਨ : 01389-222121

ਵਿਖੇ ਗੁਰਦੁਆਰਾ ਸਾਹਿਬ ਮੌਜੂਦ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਰਿਹਾਇਸ਼, ਲੰਗਰ ਅਤੇ ਫਸਟ-ਏਡ ਦਾ ਇੰਤਜ਼ਾਮ ਵੀ ਹੈ। ਜਿਹੜੀਆਂ ਸੰਗਤਾਂ ਰਿਸ਼ੀਕੇਸ਼ ਤੋਂ ਸਵੇਰੇ ਅੰਮ੍ਰਿਤ ਵੇਲੇ ਨਹੀਂ ਤੁਰ ਸਕੀਆਂ ਹੁੰਦੀਆਂ, ਉਹ ਰਸਤੇ ਵਿੱਚ ਸ੍ਰੀ ਨਗਰ ਜਾਂ ਨਗਰਾਸੂ ਦੇ ਗੁਰਦੁਆਰਾ ਸਾਹਿਬ ਵਿੱਚ ਰਾਤ ਵਿਸ਼ਰਾਮ ਕਰਨ ਉਪਰੰਤ ਸਵੇਰੇ ਤੁਰ ਸਕਦੀਆਂ ਹਨ। ਸ੍ਰੀ ਨਗਰ ਅਤੇ ਜੋਸ਼ੀ ਮੱਠ ਵਾਲੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਲੰਗਰ ਦਮਦਮਾ ਸਾਹਿਬ, ਗੋਬਿੰਦ ਨਗਰ, ਨਗਰਾਸੂ ਦੀ ਸੇਵਾ ਬਾਬਾ ਬੇਅੰਤ ਸਿੰਘ ਜੀ

ਬੇਰਕਲਾਂ (ਲੁਧਿਆਣਾ) ਵਾਲੇ ਨਿਭਾ ਰਹੇ ਹਨ। ਗੁਰਦੁਆਰਾ ਸਾਹਿਬ ਦਾ ਮੋਬਾਈਲ ਨੰਬਰ 094170-07273 ਹਨ।

ਰਿਸ਼ੀਕੇਸ਼ ਵਿਖੇ ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ 4 ਪਟਰੋਲ ਪੰਪ ਹਨ। ਗੁਰਦੁਆਰਾ ਸਾਹਿਬ ਵਿਖੇ ਇਕ ਡਿਸਪੈਂਸਰੀ ਵੀ ਹੈ ਜਿਥੇ ਸ਼ਾਮ 5.00 ਤੋਂ 7.30 ਵਜੇ ਤੱਕ ਦਵਾਈ ਮੁਫਤ ਦਿੱਤੀ ਜਾਂਦੀ ਹੈ। ਗੁਰਦੁਆਰਾ ਸਾਹਿਬ ਦੇ ਨਜ਼ਦੀਕ ਮਾਯਾਕੁੰਡ ਸਥਾਨ 'ਤੇ ਨਿਰਮਲ ਆਸ਼ਰਮ ਹਸਪਤਾਲ ਮੌਜੂਦ ਹੈ। ਇਸ 100 ਬਿਸਤਰਿਆਂ ਵਾਲੇ ਮਲਟੀਸਪੈਸ਼ਲਟੀ ਸੈਕੰਡਰੀ ਕੇਅਰ ਹਸਪਤਾਲ ਵਿਚ ਐਮਰਜੈਂਸੀ ਸੇਵਾਵਾਂ 24 ਘੰਟੇ ਉਪਲਬਧ ਹਨ। ਇਸ ਹਸਪਤਾਲ ਵਿੱਚ ਮਰੀਜ਼ਾਂ ਦੀ ਦੇਖਭਾਲ ਦਾ ਵਧੀਆ ਅਤੇ ਵਾਜਿਬ ਫੀਸ 'ਤੇ ਇੰਤਜ਼ਾਮ ਹੈ। ਫੋਨ ਨੰਬਰ : 0135-2430942, 2432215 ਹਨ।

## ਕੁਝ ਮਹੱਤਵਪੂਰਨ ਜਾਣਕਾਰੀਆਂ

| | | |
|---|---|---|
| Distt. Magistrate | : | 2623819, 2655225 |
| Sr. Suptd. of Police | : | 2746022, 2628360 |
| Kotwali Raiwala | : | 2484239 |
| Railway Enquiry Rishikesh | : | 131, 2434167 |
| Roadways Enquiry | : | 2430066 |
| ਗੁਰਦੁਆਰਾ ਸਾਹਿਬ ਰਿਸ਼ੀਕੇਸ਼ | : | 2430229, 2437813 |

ਰਿਸ਼ੀਕੇਸ਼ ਤੋਂ

| | | | |
|---|---|---|---|
| ਦੇਵਪ੍ਰਯਾਗ | 70 ਕਿ.ਮੀ. | ਸ੍ਰੀ ਨਗਰ | 105 ਕਿ.ਮੀ. |
| ਰੁਦ੍ਰ ਪ੍ਰਯਾਗ | 137 ਕਿ.ਮੀ. | ਕਰਨ ਪ੍ਰਯਾਗ | 172 ਕਿ.ਮੀ. |
| ਨੰਦ ਪ੍ਰਯਾਗ | 191 ਕਿ.ਮੀ. | ਚਮੋਲੀ | 202 ਕਿ.ਮੀ. |
| ਪੀਪਲ ਕੋਟੀ | 218 ਕਿ.ਮੀ. | ਜੋਸ਼ੀ ਮੱਠ | 252 ਕਿ.ਮੀ. |
| ਵਿਸ਼ਨੂੰ ਪ੍ਰਯਾਗ | 257 ਕਿ.ਮੀ. | ਗੋਬਿੰਦ ਘਾਟ | 273 ਕਿ.ਮੀ. |

ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਵੱਲ ਜਾਂਦਿਆਂ ਰਾਹ ਵਿਚ ਜੋਸ਼ੀਮੱਠ ਸਥਾਨ ਤੋਂ ਅੱਗੇ ਪਹਾੜੀ ਰਸਤਾ ਬਹੁਤ ਭੀੜਾ ਹੋ ਜਾਂਦਾ ਹੈ, ਅਤੇ ਦੋਨੋਂ ਪਾਸੇ ਦੀ ਟ੍ਰੈਫਿਕ ਇਕੋ ਸਮੇਂ ਨਹੀਂ ਚਲ ਸਕਦੀ। ਇਸ ਲਈ ਟ੍ਰੈਫਿਕ ਇਕ-ਪਾਸੜ ਕਰ ਦਿੱਤੀ ਜਾਂਦੀ ਹੈ ਤਾਂ ਕਿ ਕੋਈ ਦੁਰਘਟਨਾ ਨਾ ਵਾਪਰ ਸਕੇ। ਪਹਿਲਾਂ ਇਕ ਪਾਸੇ ਦਾ ਟ੍ਰੈਫਿਕ ਤੋਰਿਆ ਜਾਂਦਾ ਹੈ ਅਤੇ ਦੂਸਰੇ ਪਾਸਿਓਂ ਗੇਟ ਬੰਦ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਫਿਰ ਦੂਜੇ ਪਾਸਿਓਂ ਗੇਟ ਬੰਦ ਕਰਕੇ ਪਹਿਲੀ ਸਾਈਡ ਦੀ ਟ੍ਰੈਫਿਕ ਚਾਲੂ ਕੀਤੀ ਜਾਂਦੀ ਹੈ।

ਗੇਟਾਂ ਦੇ ਸਮੇਂ ਇਸ ਤਰ੍ਹਾਂ ਹਨ:

| ਜੋਸ਼ੀਮੱਠ ਤੋਂ ਗੋਬਿੰਦ ਘਾਟ | | ਗੋਬਿੰਦ ਘਾਟ ਤੋਂ ਜੋਸ਼ੀ ਮੱਠ | |
|---|---|---|---|
| 06:40 | ਸਵੇਰ | 07:30 | ਸਵੇਰ |
| 09:00 | ਸਵੇਰ | 09:45 | ਸਵੇਰ |
| 11:30 | ਸਵੇਰ | 12:30 | ਦੁਪਹਿਰ |
| 2:00 | ਦੁਪਹਿਰ | 2:45 | ਦੁਪਹਿਰ |
| 4:30 | ਬਾਅਦ ਦੁਪਹਿਰ | 5:45 | ਸ਼ਾਮ |

Brochure, Catalogues Printing, Website Designing
www.idea-ads.com



# ਗੋਬਿੰਦ ਘਾਟ ਤੋਂ ਗੋਬਿੰਦ ਧਾਮ

ਫੋਨ ਨੰਬਰ : 01389-212293, 212315, 01381-225208, 225334



ਸਮੁੰਦਰ ਤਲ ਤੋਂ ਤਕਰੀਬਨ 6000 ਫੁੱਟ ਦੀ ਉਚਾਈ 'ਤੇ ਸਥਿਤ ਇਸ ਗੁਰਦੁਆਰਾ ਸਾਹਿਬ ਦੀ ਸਥਾਪਨਾ 1941 ਈ: ਦੇ ਆਸ-ਪਾਸ ਹੋਈ। ਇਸ ਅਸਥਾਨ 'ਤੇ ਸੰਗਤਾਂ ਆਪਣਾ ਸਾਮਾਨ ਆਦਿ ਜਮ੍ਹਾਂ ਕਰਵਾ ਕੇ ਟੋਕਨ ਲੈਂਦੀਆਂ ਹਨ। ਕਦੀ-ਕਦੀ ਤਾਂ ਸਾਮਾਨ ਜਮ੍ਹਾਂ ਕਰਵਾਉਣ ਲਈ 1.30 ਤੋਂ 2.00 ਘੰਟੇ ਦਾ ਸਮਾਂ ਵੀ ਲੱਗ ਜਾਂਦਾ ਹੈ। ਇਸ ਤੋਂ ਅੱਗੇ ਸੰਗਤਾਂ ਨੂੰ ਆਪਣਾ ਬਹੁਤ ਘੱਟ ਸਾਮਾਨ ਹੀ ਲੈ ਕੇ ਜਾਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਅੱਗੇ ਸਾਰਾ ਰਸਤਾ ਪੈਦਲ ਚੜ੍ਹਾਈ ਵਾਲਾ ਹੀ ਹੈ। ਇਸੇ ਅਸਥਾਨ ਤੋਂ ਆਪਣੇ ਘਰ, ਸਾਕ-ਸਬੰਧੀਆਂ ਲਈ ਪਿੰਨੀ ਪ੍ਰਸ਼ਾਦ ਲਿਆ ਜਾ ਸਕਦਾ ਹੈ। ਮਾਇਆ ਦੀ ਸੇਵਾ ਕਰਵਾਉਣ ਸਮੇਂ ਪਿੰਨੀ ਪ੍ਰਸ਼ਾਦ ਵਾਸਤੇ ਪਰਚੀ ਕੱਟਣ ਲਈ ਕਹਿਣਾ ਚਾਹੀਦਾ ਹੈ, ਨਹੀਂ ਤਾਂ ਮਾਇਆ ਦੀ ਸੇਵਾ ਬਿਲਡਿੰਗ ਫੰਡ ਜਾਂ ਲੰਗਰ ਆਦਿ ਲਈ ਪ੍ਰਵਾਨ ਹੁੰਦੀ ਹੈ।

ਗੁਰਦੁਆਰਾ ਸਾਹਿਬ ਵਿਖੇ ਯਾਤਰੂਆਂ ਦੇ ਰਹਿਣ ਦਾ, ਕੰਬਲਾਂ ਅਤੇ ਲੰਗਰ ਆਦਿ ਦਾ ਉੱਤਮ ਪ੍ਰਬੰਧ ਹੈ। ਗੋਬਿੰਦ ਘਾਟ ਤੋਂ ਅੱਗੇ ਗੋਬਿੰਦ ਧਾਮ ਵੱਲ ਪੈਦਲ ਚੜ੍ਹਾਈ ਦੀ ਸ਼ੁਰੂਆਤ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 13 ਕਿ.ਮੀ. ਹੈ ਅਤੇ ਅੰਦਾਜ਼ਨ 5.00 ਤੋਂ 6.00 ਘੰਟੇ ਲੱਗਦੇ ਹਨ। ਜੁਲਾਈ ਮੱਧ ਤੋਂ ਬਾਅਦ ਇੱਥੇ ਤਕਰੀਬਨ ਮੌਸਮ ਬਰਸਾਤ ਵਾਲਾ ਹੋ ਜਾਂਦਾ ਹੈ, ਸੋ ਰੇਨ ਕੋਟ/ਛਤਰੀਆਂ ਦੀ ਜ਼ਰੂਰਤ ਪੈਂਦੀ ਹੈ।

## ਯਾਤਰਾ ਹੈਲੀਕਾਪਟਰ ਰਾਹੀਂ www.prabhatam.net

ਹੇਮਕੁੰਟ ਸਾਹਿਬ ਲਈ ਹੈਲੀਕਾਪਟਰ ਦੀ ਯਾਤਰਾ ਦੇ ਸੰਪੂਰਨ ਵੇਰਵੇ ਲਈ ਪ੍ਰਭਾਤਮ ਏਵੀਏਸ਼ਨਜ਼ ਨਾਲ ਹੇਠ ਲਿਖੇ ਪਤੇ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

DELHI OFFICE: Rashtriya Tower, 38, Rani Jhansi Road, New Delhi
Ph : +91-11-43603300, 9868108497, 9312233234
GOVINDGHAT OFFICE Mobile : +91-9411109946,47

## ਚੜ੍ਹਾਈ ਚੜ੍ਹਦੇ ਸਮੇਂ ਸਿਹਤ ਸਬੰਧੀ ਸੁਝਾਅ:

- ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਬਹੁਤਾ ਢਿੱਡ ਭਰ ਕੇ ਖਾਣਾ ਨਹੀਂ ਖਾਣਾ ਚਾਹੀਦਾ, ਇਸ ਨਾਲ ਚੜ੍ਹਾਈ ਵਿਚ ਮੁਸ਼ਕਿਲ ਆਉਂਦੀ ਹੈ।
- ਯਾਤਰਾ ਸਮੇਂ ਕਦਮ ਬਹੁਤ ਛੋਟੇ-ਛੋਟੇ ਪੁੱਟਣੇ ਚਾਹੀਦੇ ਹਨ ਜਿਸ ਨਾਲ ਥਕਾਵਟ ਘੱਟ ਹੁੰਦੀ ਹੈ।
- ਯਾਤਰਾ ਸਮੇਂ ਕਿਸੇ ਜਗ੍ਹਾ 'ਤੇ ਜ਼ਿਆਦਾ ਦੇਰ ਨਹੀਂ ਰੁਕਣਾ ਚਾਹੀਦਾ, ਇਸ ਨਾਲ ਸਰੀਰ ਠੰਡਾ ਹੋ ਜਾਂਦਾ ਹੈ ਅਤੇ ਥਕਾਵਟ ਜ਼ਿਆਦਾ ਹੁੰਦੀ ਹੈ।
- ਚੜ੍ਹਾਈ ਦੌਰਾਨ ਪਸੀਨਾ ਵਗਣ ਨਾਲ ਸਰੀਰ ਵਿਚ ਹੋਣ ਵਾਲੀ ਲੂਣ ਦੀ ਕਮੀ ਨੂੰ ਦੂਰ ਕਰਨ ਲਈ ਥੋੜ੍ਹਾ ਗੁਲੂਕੋਜ਼ ਨਾਲ ਲੈ ਲੈਣਾ ਚਾਹੀਦਾ ਹੈ।
- ਪਾਣੀ ਢਿੱਡ ਭਰ ਕੇ ਨਹੀਂ ਪੀਣਾ ਚਾਹੀਦਾ, ਹੋ ਸਕੇ ਤਾਂ ਸੁੱਕਦੇ ਮੂੰਹ ਨੂੰ ਨਿਰੀ ਚੂਲੀ ਕਰ ਕੇ ਹੀ ਕੰਮ ਚਲਾਉਣਾ ਚਾਹੀਦਾ ਹੈ।
- ਸਾਫਟ ਡ੍ਰਿੰਕਸ (ਕੋਕ, ਪੈਪਸੀ ਆਦਿ) ਤੋਂ ਗੁਰੇਜ਼ ਹੀ ਕਰਨਾ ਚਾਹੀਦਾ ਹੈ।
- ਜੇ ਤੁਹਾਡੀ ਯਾਤਰਾ ਪਹਿਲਾਂ ਤੋਂ ਹੀ ਨਿਰਧਾਰਤ ਹੋਵੇ ਤਾਂ 15-20 ਦਿਨ ਪਹਿਲਾਂ 2-4 ਕਿ.ਮੀ. ਰੋਜ਼ਾਨਾ ਸੈਰ ਸ਼ੁਰੂ ਕਰ ਦਿੱਤੀ ਜਾਵੇ ਤਾਂ ਯਾਤਰਾ ਵਿਚ ਜ਼ਿਆਦਾ ਮੁਸ਼ਕਿਲ ਨਹੀਂ ਹੁੰਦੀ।
- ਐਸਥੇਮੈਟਿਕ (Asthmatic) ਸਾਹ ਜਾਂ ਅਲਰਜੀ ਨਾਲ ਸਬੰਧਤ, ਹਾਈ ਬਲੱਡ ਪ੍ਰੈਸ਼ਰ, ਦਿਲ ਸਬੰਧੀ ਰੋਗਾਂ ਵਾਲੇ ਮਰੀਜ਼ ਡਾਕਟਰ ਤੋਂ ਸਲਾਹ ਲੈਣ ਤੋਂ ਬਾਅਦ ਹੀ ਯਾਤਰਾ ਸ਼ੁਰੂ ਕਰਨ।

### ਕੁਝ ਜ਼ਰੂਰੀ ਦਵਾਈਆਂ[1]

| | |
|---|---|
| ਲੱਤਾਂ ਦਰਦ, ਥਕਾਵਟ, ਸਿਰ ਦਰਦ | Crocin / Nicip Plus |
| ਉਲਟੀਆਂ ਲਈ | Dom D.T. or Vomikind-4 MD |
| ਚੱਕਰਾਂ ਲਈ | Stemitil-5 / Stugeron |
| ਖਾਰਸ਼ ਅਤੇ ਜੁਕਾਮ ਲਈ | Cetrizine |
| ਪੇਟ ਦਰਦ | Trigan-D / Anafortan |
| ਘਬਰਾਹਟ | Librium / Cebrum-5 |
| ਟੱਟੀਆਂ ਲਈ | Lomofen / Loperamide +Enteroquinol |
| ਬਦਹਜ਼ਮੀ ਲਈ | Cap. Rabemac-DSR |

### ਚੜ੍ਹਾਈ ਚੜ੍ਹਦੇ ਸਮੇਂ ਧਿਆਨ ਰੱਖਣਯੋਗ ਗੱਲਾਂ:

- ਚੜ੍ਹਾਈ ਸਮੇਂ ਰਸਤੇ ਵਿੱਚ ਖਾਣ-ਪੀਣ ਦੀਆਂ ਦੁਕਾਨਾਂ 'ਤੇ ਹਰ ਚੀਜ਼ ਦੇ ਰੇਟ ਕਾਫੀ ਜ਼ਿਆਦਾ ਹੁੰਦੇ ਹਨ। ਹੋ ਸਕੇ ਤਾਂ ਖਾਣ-ਪੀਣ ਦਾ ਥੋੜ੍ਹਾ-ਬਹੁਤ ਸਾਮਾਨ ਪਹਿਲਾਂ ਹੀ ਲੈ ਲੈਣਾ ਚਾਹੀਦਾ ਹੈ।
- ਯਾਤਰਾ ਸਮੇਂ ਜੇ ਹੋ ਸਕੇ ਤਾਂ ਸੋਣ ਲਈ ਦੋ ਚੱਦਰਾਂ ਇਕ ਥੱਲੇ ਅਤੇ ਇਕ ਉੱਪਰ ਲਈ ਨਾਲ ਲੈ ਲੈਣੀਆਂ ਚਾਹੀਦੀਆਂ ਹਨ, ਇਸ ਨਾਲ ਛੂਤ ਨਾਲ ਫੈਲਣ ਵਾਲੀਆਂ ਬੀਮਾਰੀਆਂ ਤੋਂ ਕੁਝ ਕਾਬੂ ਪਾਇਆ ਜਾ ਸਕਦਾ ਹੈ।
- ਗਿੱਲੀਆਂ ਕੱਪੜੇ/ਜੁਰਾਬਾਂ ਪਾ ਕੇ ਯਾਤਰਾ ਨਹੀਂ ਕਰਨੀ ਚਾਹੀਦੀ ਇਸ ਨਾਲ ਸਰੀਰ ਦੇ ਤਾਪਮਾਨ ਵਿਚ ਸਮਾਨਤਾ ਨਹੀਂ ਰਹਿੰਦੀ।

---

1 Dr. Baljit Singh, AMRITSAR POLYCLINIC
Street # 2, Gobind Nagar, Sultanwind Road, Amritsar.
Mobile : +91-9814698398, 0183-2587496



# ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ

## ਤੋਂ ਗੋਬਿੰਦ ਧਾਮ

ਫੋਨ ਨੰਬਰ ਗੋਬਿੰਦ ਧਾਮ : 01381-226232

ਗੋਬਿੰਦ ਧਾਮ (ਘਾਂਗਰੀਆ) ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਾਹ ਵਿੱਚ ਆਉਣ ਵਾਲਾ ਇਕ ਛੋਟਾ ਜਿਹਾ ਪਿੰਡ ਹੈ। ਇਹ ਲਕਸ਼ਮਨਗੰਗਾ ਦੇ ਨਾਮ ਨਾਲ ਵੀ ਜਾਣੇ ਜਾਂਦੇ ਪੁਸ਼ਪਾਵਤੀ ਦਰਿਆ ਦੇ ਕੰਢੇ 'ਤੇ ਸਥਿਤ ਇਕ ਛੋਟੀ ਜਿਹੀ ਘਾਟੀ ਇਹ ਆਖਰੀ ਮਨੁੱਖੀ ਆਵਾਸ ਹੈ। ਇਹ ਅਸਥਾਨ ਮਈ ਤੋਂ ਸਤੰਬਰ ਤਕ ਹੀ ਖੁੱਲ੍ਹਦਾ ਹੈ, ਬਾਕੀ ਸਾਰਾ ਸਮਾਂ ਇਹ ਬਰਫ ਹੇਠ ਦੱਬਿਆ ਰਹਿੰਦਾ ਹੈ।

ਇਥੇ ਗੁਰਦੁਆਰਾ ਸਾਹਿਬ ਦੀ ਸੇਵਾ ਵੀ ਸ੍ਰੀ ਹੇਮਕੁੰਟ ਸੇਵਾ ਸੁਸਾਇਟੀ (ਗੁਰਦੁਆਰਾ ਚੌਂਕ, ਕਾਨ੍ਹਪੁਰ) ਨਿਭਾ ਰਹੀ ਹੈ। ਗੁਰਦੁਆਰਾ ਸਾਹਿਬ ਸਮੁੰਦਰ ਤਲ ਤੋਂ ਤਕਰੀਬਨ 10,000 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਸ ਅਸਥਾਨ 'ਤੇ ਰਾਤ ਠਹਿਰਨ ਅਤੇ ਲੰਗਰ ਦਾ ਬਿਹਤਰੀਨ ਇੰਤਜ਼ਾਮ ਹੈ। ਇਥੇ ਬਿਜਲੀ ਦਾ ਪ੍ਰਬੰਧ 24 ਘੰਟੇ ਨਹੀਂ ਹੁੰਦਾ। ਗੁਰਦੁਆਰਾ ਸਾਹਿਬ ਵਿਖੇ ਬਿਜਲੀ ਦਾ ਪ੍ਰਬੰਧ ਜਰਨੇਟਰ ਰਾਹੀਂ ਹੁੰਦਾ ਹੈ, ਜੋ ਕਿ ਰਾਤ ਦੇ ਠੀਕ 10.00 ਵਜੇ ਬੰਦ ਕਰ ਦਿੱਤਾ ਜਾਂਦਾ ਹੈ। ਇਸ ਉਪਰੰਤ ਬਿਲਕੁਲ ਘੁੱਪ ਹਨੇਰਾ ਛਾ ਜਾਂਦਾ ਹੈ। ਸੰਗਤਾਂ ਨੂੰ ਟਾਰਚਾਂ ਦਾ ਇੰਤਜ਼ਾਮ ਜ਼ਰੂਰ ਰੱਖਣਾ ਚਾਹੀਦਾ ਹੈ। ਗੋਬਿੰਦ ਧਾਮ ਤੋਂ ਹੇਮਕੁੰਟ ਸਾਹਿਬ ਵੱਲ ਜਾਂਦਿਆਂ ਰਸਤੇ ਵਿੱਚ ਹੇਮਗੰਗਾ ਨਦੀ ਦੇ ਪੁਲ ਤੋਂ ਖੱਬੇ ਹੱਥ ਮੁੜ ਕੇ ਤਕਰੀਬਨ 4 ਕਿ.ਮੀ. 'ਤੇ ਸੰਸਾਰ-ਪ੍ਰਸਿੱਧ ਫੁੱਲਾਂ ਦੀ ਘਾਟੀ ਆਉਂਦੀ ਹੈ।

www.supersujata.com
An ISO 9001:2008 Certified Company
super sujata®
Complete range of Corrugated Board & Box Making
Binding, Printing & Allied Machinery



Associated
INDUSTRIAL CORPORATION
Phone : +91-183-2581186
Fax : +91-183-2580571
associat2003@yahoo.com
271-A, EAST MOHAN NAGAR, 100 FEET ROAD, AMRITSAR - 143006 (Punjab)





ਰਾਤ ਵਿਸ਼ਰਾਮ ਕਰਨ ਮਗਰੋਂ ਅਗਲੇ ਦਿਨ ਸਵੇਰੇ ਗੁਰਦੁਆਰਾ ਹੇਮਕੁੰਟ ਸਾਹਿਬ ਵੱਲ ਚੜ੍ਹਾਈ ਸ਼ੁਰੂ ਹੁੰਦੀ ਹੈ। ਇਹ ਚੜ੍ਹਾਈ ਤਕਰੀਬਨ 6 ਕਿ.ਮੀ. ਹੈ ਅਤੇ ਅੰਦਾਜ਼ਨ 3.00 ਤੋਂ 4.00 ਘੰਟੇ ਵਿੱਚ ਪੂਰੀ ਕੀਤੀ ਜਾ ਸਕਦੀ ਹੈ। ਦਰਸ਼ਨ ਕਰ ਕੇ ਉਸੇ ਦਿਨ ਵਾਪਸ ਗੋਬਿੰਦ ਧਾਮ ਵਿਖੇ ਪਹੁੰਚਣਾ ਹੁੰਦਾ ਹੈ। ਕਿਉਂਕਿ ਹੇਮਕੁੰਟ ਸਾਹਿਬ ਵਿਖੇ ਰਾਤ ਠਹਿਰਨ ਦਾ ਕੋਈ ਇੰਤਜ਼ਾਮ ਨਹੀਂ, ਅਤੇ ਸਾਹ ਲੈਣ ਵਾਸਤੇ ਆਕਸੀਜਨ ਵੀ ਪਰਿਆਪਤ ਮਾਤਰਾ ਵਿਚ ਨਹੀਂ ਹੁੰਦੀ।

Capital Photo Service
HALL BAZAR, AMRITSAR
the only Nikon Coolpix Zone in Punjab
Nikon Kodak SONY Canon PowerShot SAMSUNG
CAMERAS
Special Arrangement for Marriage Photography
Contact for Studio & Commercial Photography
Ahuja COLOR LAB.
HALL BAZAR, AMRITSAR
Phone : 0183-2543422, 2549717, 98140-51088





ਗੁਰਦੁਆਰਾ ਹੇਮਕੁੰਟ ਸਾਹਿਬ ਵਿਖੇ ਰੋਜ਼ਾਨਾ ਦੀ ਪਹਿਲੀ ਅਰਦਾਸ ਸਵੇਰੇ 9.00 ਵਜੇ, ਦੂਜੀ 11.00 ਵਜੇ ਅਤੇ ਤੀਸਰੀ ਅਰਦਾਸ 12.30 ਵਜੇ ਹੁੰਦੀ ਹੈ। ਸਮੇਂ ਅਨੁਸਾਰ ਇਨ੍ਹਾਂ ਸਮਿਆਂ ਵਿੱਚ 20-30 ਮਿੰਟ ਦੀ ਤਬਦੀਲੀ ਕੀਤੀ ਜਾਂਦੀ ਹੈ। ਗੋਬਿੰਦ ਧਾਮ ਤੋਂ ਸਵੇਰੇ 5.00-5.30 ਵਜੇ ਤੁਰ ਪੈਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਅਰਦਾਸਾਂ ਵਿੱਚ ਹਾਜ਼ਰੀ ਲਗਵਾਈ ਜਾ ਸਕੇ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ।

ਹੇਮਕੁੰਟ ਸਾਹਿਬ ਵਿਖੇ ਸੰਗਤਾਂ ਲਈ ਖਿਚੜੀ, ਚਾਹ, ਮੱਠੀਆਂ ਜਾਂ ਹੋਰ ਪਦਾਰਥਾਂ ਦਾ ਲੰਗਰ ਹਰ ਵੇਲੇ ਮਿਲਦਾ ਹੈ।

ਹਰ ਯਾਤਰੂ ਨੂੰ ਸ਼ਰਧਾ ਅਤੇ ਪਹੁੰਚ ਮੁਤਾਬਕ "ਘਾਲਿ ਖਾਇ ਕਿਛੁ ਹਥਹੁ ਦੇਇ" ਦੇ ਮਹਾਂਵਾਕ ਅਨੁਸਾਰ ਸੁੱਕਾ ਦੁੱਧ, ਚਾਹ ਪੱਤੀ, ਖਾਣ-ਪੀਣ ਦਾ ਸਾਮਾਨ ਜਿਵੇਂ ਬ੍ਰੈੱਡ, ਮੱਠੀਆਂ ਜਾਂ ਸ਼ਰਧਾ ਮੁਤਾਬਿਕ ਹੋਰ ਪਦਾਰਥਾਂ ਆਦਿ ਦੀ ਸੇਵਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ।


ਮਨੁੱਖਾ ਜੀਵਨ ਜਿਊਂਦਿਆਂ ਇਸਦੇ ਚੋਗਿਰਦੇ ਅਤੇ ਅੰਦਰ-ਬਾਹਰ ਬਹੁਤ ਕੁਝ ਵਾਪਰਦਾ ਹੈ ਜਿਸ ਨੂੰ ਕਿਤਾਬੀ ਰੂਪ ਵਿਚ ਪ੍ਰਗਟਾਉਣ ਲਈ ਸ਼ਬਦਾਂ ਦੀ ਘਾਟ ਅਕਸਰ ਮਹਿਸੂਸ ਹੁੰਦੀ ਹੈ। ਜੇਕਰ ਤੁਸੀਂ ਵੀ ਇਹ ਮਹਿਸੂਸ ਕਰਦੇ ਹੋ ਤਾਂ ਸ਼ਬਦਾਂ ਦੀ ਘਾਟ ਨੂੰ ਪੂਰਾ ਕਰਨ ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਨਰਿੰਦਰਪਾਲ ਸਿੰਘ

e-mail : narinderpal1956@gmail.com

M: +91-98553 13236, +91-99154 99360



www.srmech.in

**S. R. Mechanical Works**

Complete Range of the Corrugating, Flexo Printing & Die Punching Machines



53-54, Gokal Ka Bagh, East Mohan Nagar, Amritsar - 143006.

**Mobile:** 98880-30507, 98761-60969, 97803-78810

**Ph:** +91-183-2580111, 5094678 **Fax:** +91-183-2581717

**e-mail:** info@srmech.in, srmw_77@yahoo.com

ਦਿੱਲੀ ਤੋਂ ਹੇਮਕੁੰਟ ਸਾਹਿਬ ਵਾਇਆ ਨੈਨੀਤਾਲ ਜਾਂਦਿਆਂ ਯਾਤਰੂ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਹੇਠ ਲਿਖੇ ਗੁਰਧਾਮਾਂ ਦੇ ਵੀ ਦਰਸ਼ਨ ਕਰ ਸਕਦੇ ਹਨ।


## ਗੁਰਦੁਆਰਾ ਮਿੱਠੇ ਰੀਠੇ ਸਾਹਿਬ


ਆਪਣੀ ਜਗਤ ਫੇਰੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ 'ਤੇ ਇਕ ਯੋਗੀ ਨੂੰ ਸੰਸਾਰ ਸੇਵਾ ਵੱਲ ਪ੍ਰੇਰਤ ਕੀਤਾ ਅਤੇ ਜਿਸ ਅਸਥਾਨ 'ਤੇ ਪਾਤਸ਼ਾਹ ਨੇ ਆਸਨ ਲਗਾਇਆ ਉਥੇ ਇਕ ਰੀਠੇ ਦਾ ਵਿਸ਼ਾਲ ਦਰਖਤ ਸ਼ਸ਼ੋਭਿਤ ਹੈ, ਜਿਸਦੀ ਇਕ ਪਾਸੇ ਦੀਆਂ ਟਾਹਣੀ ਨੂੰ ਮਿੱਠੇ ਰੀਠੇ ਲਗਦੇ ਹਨ ਜਦਕਿ ਦੂਸਰੇ ਪਾਸੇ ਦੀਆਂ ਟਾਹਣੀਆਂ ਦੇ ਰੀਠੇ ਕੌੜੇ ਹਨ। ਗੁਰਦੁਆਰਾ ਸਾਹਿਬ ਟਨਕਪੁਰ ਤੋਂ 166 ਕਿ.ਮੀ. ਦੀ ਦੂਰੀ ਤੇ ਹੈ।

## ਗੁਰਦੁਆਰਾ ਨਾਨਕ ਮਤਾ ਸਾਹਿਬ

ਆਪਣੀ ਤੀਸਰੀ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਅਸਥਾਨ 'ਤੇ ਗੋਰਖਨਾਥ ਦੇ ਪੈਰੋਕਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ। "ਗੋਰਖਮਤਾ" ਦੇ ਨਾਮ ਨਾਲ ਵੀ ਜਾਣੇ ਜਾਂਦੇ ਇਸ ਅਸਥਾਨ 'ਤੇ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਚਰਨ ਪਾਏ।

ਫੋਨ : 05948-251525, 05948-251244








# NAGI

Diamond Jewellers

*Exquisitely Crafted*

***KUNDAN PEARL DIAMOND & GOLD JEWELLERY***

*A-22, Lawrence Road, Amritsar Ph: +91 (183) 222 5737 / 38*

*epost : info@nagijewellers.in web : www.nagijewellers.in*

*Customer care : +91 98141 50429*

*AMRITSAR*
*+91-9814150429*

*LONDON*
*+44-2085711304*